**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਸ.ਅ.ਸ ਨਗਰ।**
**(ਸੈਕਡਰੀ ਸਿੱਖਿਆ ਸ਼ਾਖਾ)**

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ),
ਸਮੂਹ ਸਕੂਲ ਮੁੱਖੀ, (ਵੈਬਸਾਈਟ ਅਤੇ ਨੋਟਿਸ ਬੋਰਡ)
ਪੰਜਾਬ।
ਮੀਮੋ ਨੰ. 13/12-18 ਸੈ.ਸਿ (4)/2018115470
ਮਿਤੀ. ਸ.ਅ.ਸ ਨਗਰ: 28/12/18

**ਵਿਸ਼ਾ : ਸਕੂਲਾਂ ਵਿੱਚ ਸਲਾਨਾ ਦਿਵਸ ਮਨਾਉਣ ਅਤੇ ਮੈਗਜ਼ੀਨ ਛਪਾਉਣ ਸੰਬੰਧੀ।**

1. ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2. ਰਾਜ ਦੇ ਸਮੂਹ ਸਕੂਲਾਂ ਵਿੱਚ ਮਿਤੀ 01-01-2019 ਤੋਂ 31-01-2019 ਤੱਕ ਸਲਾਨਾਂ ਦਿਵਸ ਮਨਾਇਆ ਜਾਣਾ ਹੈ। ਸਕੂਲ ਮੁੱਖੀ ਆਪਣੀ ਸੁਵਿਧਾ ਅਨੁਸਾਰ ਉਪਰੋਕਤ ਮਿਤੀਆਂ ਵਿੱਚੋਂ ਕੋਈ ਦਿਨ ਚੁਣ ਸਕਦੇ ਹਨ। ਇਸ ਦੀ ਜਾਣਕਾਰੀ ਮਿਤੀ 01-01-2019 ਨੂੰ ਸਲਾਨਾ ਦਿਵਸ ਸਮਾਰੋਹ ਮਨਾਉਣ ਸੰਬੰਧੀ ਈ-ਪੰਜਾਬ ਪੋਰਟਲ ਤੇ ਬਣੇ ਸਪੈਸ਼ਲ ਪੇਜ ਤੇ ਆਪ ਜੀ ਵੱਲੋਂ ਪਰਮ ਅਗੇਤ ਭਰੀ ਜਾਣੀ ਹੈ। ਸਲਾਨਾ ਦਿਵਸ ਮਨਾਉਣ ਸਬੰਧੀ ਹੇਠ ਲਿਖੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ।

2.1 ਸਲਾਨਾ ਦਿਵਸ ਸਮਾਰੋਹ ਵਿੱਚ ਸਮੂਹ ਵਿਦਿਆਰਥੀਆਂ ਦਾ ਭਾਗ ਲੈਣਾ ਯਕੀਨੀ ਬਣਾਇਆ ਜਾਵੇ।

2.2 ਸਲਾਨਾ ਦਿਵਸ ਤੇ ਅਜਿਹੇ ਸੱਭਿਆਚਾਰਕ ਪ੍ਰੋਗਰਾਮ ਕਰਵਾਏ ਜਾਣ ਜੋ ਵਿਦਿਆਰਥੀਆਂ ਦੇ ਗਿਆਨ ਵਿੱਚ ਵਾਧਾ ਕਰਨ ਅਤੇ ਉਨ੍ਹਾਂ ਦਾ ਆਤਮ-ਵਿਸ਼ਵਾਸ਼ ਵਧਾਉਣ ।

2.3 ਸਮਾਰੋਹ ਵਿੱਚ ਵਿਦਿਆਰਥੀਆਂ ਦੇ ਮਾਤਾ-ਪਿਤਾ, ਐਸ.ਐਮ.ਸੀ. ਕਮੇਟੀ ਦੇ ਮੈਂਬਰ ਅਤੇ ਹੋਰ ਪਤਵੰਤੇ ਸੱਜਣ ਆਦਿ ਨੂੰ ਜਰੂਰ ਸ਼ਾਮਿਲ ਕੀਤਾ ਜਾਵੇ।

2.4 ਜਿਨ੍ਹਾਂ ਦਾਨੀ ਸੱਜਣਾ ਨੇ ਸਕੂਲ ਦੀ ਬਿਲਡਿੰਗ, ਫਰਨੀਚਰ, ਸੁੰਦਰਤਾ ਆਦਿ ਸਬੰਧੀ ਯੋਗਦਾਨ ਪਾਇਆ ਹੋਵੇ ਉਹਨਾਂ ਨੂੰ ਵੀ ਸਲਾਨਾ ਸਮਾਰੋਹ ਵਿੱਚ ਸ਼ਾਮਿਲ ਕੀਤਾ ਜਾਵੇ ਤਾਂ ਜੋ ਇਹਨਾਂ ਦਾਨੀ ਸੱਜਣਾ ਤੋਂ ਉਤਸਾਹਿਤ ਹੋ ਕੇ ਦੂਸਰੇ ਲੋਕ ਵੀ ਸਕੂਲ ਦੀ ਬਿਹਤਰੀ ਲਈ ਕੰਮ ਕਰ ਸਕਣ।

2.5 ਸਮਾਰੋਹ ਦੌਰਾਨ ਹਾਜ਼ਰ ਮੈਂਬਰਾਂ ਵਿੱਚ ਸਕੂਲ ਦੀਆਂ ਪ੍ਰਾਪਤੀਆਂ ਦੀ ਸਾਲਾਨਾ ਰਿਪੋਰਟ ਜ਼ਰੂਰ ਸਾਂਝੀ ਕੀਤੀ ਜਾਵੇ ਅਤੇ ਸਕੂਲ ਦੇ ਸਲਾਨਾ ਨਤੀਜੇ, ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਦੇ ਨਤੀਜੇ, ਖੇਡਾਂ ਸੰਬੰਧੀ ਪ੍ਰਾਪਤੀਆਂ ਅਤੇ ਹੋਰ ਉਪਲੱਬਧੀਆਂ ਸਬੰਧੀ

ਵਿਸਥਾਰਪੂਰਵਕ ਜਾਣਕਾਰੀ ਦਿੱਤੀ ਜਾਵੇ। ਇਸ ਤੋਂ ਇਲਾਵਾ ਸਕੂਲ ਦੇ ਵੱਖ-ਵੱਖ ਖੇਤਰਾਂ ਵਿੱਚ ਪ੍ਰਾਪਤੀਆਂ ਵਾਲੇ ਵਿਦਿਆਰਥੀਆਂ ਨੂੰ ਉਤਸਾਹਿਤ ਕੀਤਾ ਜਾਵੇ।

2.6 ਸਮਾਰੋਹ ਦੌਰਾਨ ਪੰਜਾਬ ਸਰਕਾਰ ਦੁਆਰਾ ਵਿਦਿਆਰਥੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਸੁਵਿਧਾਵਾਂ ਜਿਵੇਂ ਮੁਫਤ ਕਿਤਾਬਾਂ, ਵਰਦੀ, ਮਿਡ-ਡੇ-ਮੀਲ, ਵਜੀਫੇ, ਆਦਿ ਸਬੰਧੀ ਮਾਪਿਆਂ ਅਤੇ ਹੋਰ ਪੱਤਵੰਤੇ ਸੱਜਣਾ ਨੂੰ ਵਿਸਥਾਰ ਪੂਰਵਕ ਦੱਸਿਆ ਜਾਵੇ ਤਾਂ ਜੋ ਵੱਧ ਤੋਂ ਵੱਧ ਵਿਦਿਆਰਥੀ ਸਰਕਾਰੀ ਸਕੂਲਾਂ ਵਿੱਚ ਦਾਖਲਾ ਲੈ ਸਕਣ।

2.7 ਕਿਸੇ ਵੀ ਵਿਸ਼ੇਸ਼ ਵਿਅਕਤੀ ਜਾਂ ਦਾਨੀ ਸੱਜਣ ਨੂੰ ਜਿਸ ਨੇ ਸਕੂਲ ਦੀ ਬਿਹਤਰੀ ਲਈ ਯੋਗਦਾਨ ਪਾਇਆ ਹੋਵੇ ਨੂੰ ਮੁੱਖ ਮਹਿਮਾਨ ਵਜੋਂ ਬੁਲਾਇਆ ਜਾ ਸਕਦਾ ਹੈ।

2.8 ਸਲਾਨਾ ਦਿਵਸ ਸਮਾਰੋਹ ਮਨਾਉਣ ਉਪਰੰਤ ਫੋਟੋਗ੍ਰਾਫ/ਵੀਡੀਓ ਆਦਿ ਈ-ਪੰਜਾਬ ਪੋਰਟਲ ਤੇ ਬਣੇ ਸਪੈਸ਼ਲ ਪੇਜ਼ ਤੇ ਅਪਲੋਡ ਕੀਤੇ ਜਾਣ ।

2.9 ਫੰਡਾਂ ਦੀ ਉਪਲੱਬਧਤਾਂ ਅਨੁਸਾਰ ਸਕੂਲ ਮੈਗਜ਼ੀਨ ਛਪਵਾਇਆ ਜਾਵੇ ਜਿਸ ਵਿੱਚ ਅਧਿਆਪਕਾਂ ਅਤੇ ਵਿਦਿਆਰਥੀਆਂ ਦੁਆਰਾ ਲਿਖੇ ਲੇਖ, ਕਵਿਤਾਵਾਂ, ਆਰਟੀਕਲ ਆਦਿ ਸ਼ਾਮਿਲ ਕੀਤੇ ਜਾਣ। ਵਿਦਿਆਰਥੀਆਂ ਦੀਆਂ ਉਪਲੱਬਧੀਆਂ ਨੂੰ ਮੈਗਜ਼ੀਨ ਵਿੱਚ ਸ਼ਾਮਿਲ ਕੀਤਾ ਜਾਵੇ। ਸਕੂਲ ਦੀ ਸੁੰਦਰ ਬਿਲਡਿੰਗ ਦੀਆਂ ਫੋਟੋਆਂ ਨੂੰ ਵੀ ਮੈਗਜ਼ੀਨ ਤੇ ਛਾਪਿਆਂ ਜਾਵੇ ਅਤੇ ਦਾਨੀ ਸੱਜਣਾ ਦੇ ਯੋਗਦਾਨ ਸਬੰਧੀ ਵੀ ਲਿਖਿਆ ਜਾਵੇ।ਇਸ ਮੈਗਜ਼ੀਨ ਨੂੰ ਸਲਾਨਾ ਸਮਾਰੋਹ ਤੇ ਜਾਰੀ ਕੀਤਾ ਜਾਵੇ।

2.10 ਸਲਾਨਾ ਦਿਵਸ ਸਮਾਰੋਹ ਮਨਾਉਣ ਸਬੰਧੀ ਵਿਦਿਆਰਥੀਆਂ ਕੋਲੋਂ ਕੋਈ ਪੈਸਾ ਇਕੱਠਾ ਨਾ ਕੀਤਾ ਜਾਵੇ।

3.0 ਹੁਕਮਾਂ ਦੀ ਪਾਲਣਾ ਕੀਤੀ ਜਾਵੇ ਜੀ।

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ)